ਨੰਬਰ /ਪਾਰਟ/693/72 ਮਿਤੀ

ਵੱਲੋਂ

ਮੁੱਖ ਇੰਜੀਨੀਅਰ/ਨਹਿਰਾਂ,
ਸਿੰਚਾਈ ਵਿਭਾਗ, ਪੰਜਾਬ,
ਚੰਡੀਗੜ੍ਹ।

ਵੱਲ

1. ਨਿਗਰਾਨ ਇੰਜੀਨੀਅਰ
ਭਾਖੜਾ ਮੇਨ ਲਾਈਨ ਸਰਕਲ,
ਪਟਿਆਲਾ।

2. ਨਿਗਰਾਨ ਇੰਜੀਨੀਅਰ,
ਆਈ.ਬੀ. ਸਰਕਲ,
ਪਟਿਆਲਾ।

ਵਿਸ਼ਾ:- **ਖ਼੍ਰੀਫ ਸਮੇਂ ਮਿਤੀ 25-04-2016 ਤੋਂ ਮਿਤੀ 25-10-2016 ਦੌਰਾਨ ਭਾਖੜਾ ਮੇਨ ਲਾਈਨ ਸਿਸਟਮ ਦੀਆਂ ਨਹਿਰਾਂ ਦਾ ਵਾਰੀ ਬੰਦੀ ਪ੍ਰੋਗਰਾਮ।**

*******

ਪੰਜਾਬ ਦੇ ਭਾਖੜਾ ਮੇਨ ਲਾਈਨ ਸਿਸਟਮ ਦੀਆਂ ਨਹਿਰਾਂ ਨੂੰ ਖ਼੍ਰੀਫ ਸਮੇਂ ਦੌਰਾਨ ਮਿਤੀ 25-04-2016 ਤੋਂ ਮਿਤੀ 25-10-2016 ਤੱਕ ਚਲਾਉਣ ਦਾ ਮੁੱਖ ਇੰਜੀਨੀਅਰ/ਨਹਿਰਾਂ ਜੀ ਵੱਲੋ ਮੰਨਜ਼ੂਰਸ਼ੁਦਾ ਪ੍ਰੋਗਰਾਮ ਤਿਆਰ ਕਰਕੇਂ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।। ਰੈਵੀਨਿਊ ਮੈਨੂਅਲ ਦੇ ਪੈਰਾ 13.13 ਅਨੁਸਾਰ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਸਾਰੇ ਸਬੰਧਤ ਲੋਕਾਂ ਅਤੇ ਕਾਸ਼ਤਕਾਰਾਂ ਦੀ ਆਮ ਜਾਣਕਾਰੀ ਹਿੱਤ ਕਾਫੀ ਪ੍ਰਚਾਰਿਆ ਜਾਵੇ। ਜਦੋਂ ਭਾਖੜਾ ਮੇਨ ਲਾਈਨ ਦੇ ਦੋਹਾਂ ਗਰੁੱਪਾਂ ਦਾ *ਇੰਨਡੈਂਟ* ਵੱਧ ਹੋਵੇ ਅਤੇ ਪਾਣੀ ਦੀ ਉਪਲੱਭਤਾ ਘੱਟ ਹੋਵੇ ਤਾਂ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਪ੍ਰਚਲੱਤ ਕੀਤਾ ਜਾਵੇ।

ਇੱਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇਹੋ ਜਿਹਾ ਵਾਰੀ ਬੰਦੀ ਪ੍ਰੋਗਰਾਮ ਸਾਰੇ ਰਾਜਬਾਹਿਆਂ ਲਈ ਵੀ ਬਣਾਇਆ ਜਾਵੇ ਅਤੇ ਸਬੰਧਤ ਕਾਰਜਕਾਰੀ ਇੰਜੀਨੀਅਰ ਆਪਣੀ ਨਿਗਰਾਨੀ ਹੇਠ ਇਸ ਨੂੰ ਲਾਗੂ ਕਰਨ, ਤਾਂ ਕਿ ਬਰਾਂਚ ਨਹਿਰ ਦੇ ਪਾਣੀ ਦੀ ਬੇਤਰਤੀਬੀ ਵੰਡ ਬਾਰੇ ਕੋਈ ਸ਼ਿਕਾਇਤ ਨਾ ਆਵੇ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਹਰੇਕ ਰਜਬਾਹਾ ਆਪਣੀ ਵਾਰੀ ਮੁਤਾਬਿਕ ਪੂਰੇ 8 ਦਿਨਾਂ ਲਈ ਪੂਰੀ ਸਮਰੱਥਾ ਨਾਲ ਚਲੇ, ਜਦੋਂ ਕਿ ਬਰਾਂਚ/ਨਹਿਰ ਵਿੱਚ ਪਾਣੀ ਦੀ ਉਪਲੱਭਤਾ ਘੱਟ ਹੋਵੇ ਜਾਂ *ਇੰਨਡੈਂਟ* ਮੁਤਾਬਿਕ ਨਾ ਚੱਲਦੀ ਹੋਵੇ।

ਇਸ ਵਾਰੀ ਬੰਦੀ ਪ੍ਰੋਗਰਾਮ ਦੀਆਂ ਕਾਪੀਆਂ ਸਾਰੇ ਨਹਿਰੀ ਵਿਸ਼ਰਾਮ ਘਰਾਂ ਦੇ ਨੋਟਿਸ ਬੋਰਡਾਂ/ਰੈਗੂਲੇਟ ਕਰਨ ਵਾਲੀਆਂ ਥਾਂਵਾਂ/ਮੁੱਖ ਨਹਿਰਾਂ/ਰਜਬਾਹਿਆਂ ਦੇ ਹੈਡ ਅਤੇ ਪਿੰਡਾਂ ਦੇ ਪੰਚਾਇਤ ਘਰਾਂ ਵਿੱਚ ਲਾਈਆਂ ਜਾਣ ਅਤੇ ਇੱਕ-ਇੱਕ ਕਾਪੀ ਸਬੰਧਤ ਪਿੰਡਾਂ ਦੇ ਸਰਪੰਚਾਂ ਨੂੰ ਵੀ ਦਿੱਤੀ ਜਾਵੇ, ਤਾਂ ਕਿ ਕਾਸ਼ਤਕਾਰਾਂ ਨੂੰ ਸਾਲ 2016 ਦੇ ਖ਼੍ਰੀਫ ਸਮੇਂ ਵਿੱਚ ਪਾਣੀ ਦੀ ਉਪਲਬੱਧਤਾ ਬਾਰੇ ਪੂਰੀ ਜਾਣਕਾਰੀ ਮਿਲ ਸਕੇ।

ਇਹ ਪ੍ਰੋਗਰਾਮ ਨੂੰ ਤਿਆਰ ਕਰਕੇ ਭੇਜਣ ਬਾਰੇ ਆਪ ਜੀ ਨੂੰ ਇਸ ਦਫਤਰ ਦੇ ਪੱਤਰ ਨੰਬਰ 631-32/ 3 ਪਾਰਟ/693/72 ਮਿਤੀ 04-03-2016 ਅਤੇ ਕੈਨਾਲ ਵਾਇਰ ਨੰਬਰ 2811, ਮਿਤੀ 28-03-2013 ਰਾਹੀਂ ਲਿਖਿਆ ਸੀ। ਪਰੰਤੂ ਆਪ ਜੀ ਦੇ ਦਫਤਰ ਵੱਲੋਂ ਅਜੇ ਤੱਕ ਕੋਈ ਜਵਾਬ ਪ੍ਰਪਾਤ ਨਹੀ ਹੋਇਆ। ਸਮੇਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਹ ਪ੍ਰੋਗਰਾਮ ਤਿਆਰ ਕਰਕੇ ਭੇਜਿਆ ਜਾਂਦਾ ਹੈ।

ਜੇਕਰ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਬਦਲਣ ਜਾਂ ਸੋਧਣ ਦੀ ਜ਼ਰੂਰਤ ਮਹਿਸੂਸ ਹੋਵੇ ਤਾਂ ਮੁੱਖ ਇੰਜੀਨੀਅਰ/ਨਹਿਰਾਂ ਜੀ ਨਾਲ ਸਲਾਹ ਮਸ਼ਵਰਾ ਕੀਤਾ ਜਾਵੇ ਜੀ।

ਸਹੀ/-

ਨੱਥੀ/ਵਾਰੀ ਬੰਦੀ ਪ੍ਰੋਗਰਾਮ
ਦੀਆਂ ਚਾਰ ਕਾਪੀਆਂ

ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਨਹਿਰਾਂ,ਸਿੰਚਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਪਿਠ ਅੰਕਣ ਨੰਬਰ 1200-1017 ਪਾਰਟ/693/72 ਮਿਤੀ 12.4./2016

ਉਪਰੋਕਤ ਦੀ ਕਾਪੀ ਸਮੇਤ ਵਾਰੀ ਬੰਦੀ ਪ੍ਰੋਗਰਾਮ ਹੇਠ ਲਿਖੇ ਦਫਤਰਾਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿੰਚਾਈ ਵਿਭਾਗ, ਚੰਡੀਗੜ੍ਹ।
2. ਡਾਇਰੈਕਟਰ, ਖੇਤੀਬਾੜੀ ਵਿਭਾਗ, ਪੰਜਾਬ, ਚੰਡੀਗੜ੍ਹ, ਐਸ.ਸੀ.ਓ. ਨੰ:85-88 ਸੈਕਟਰ 34 ਏ, ਚੰਡੀਗੜ੍ਹ।
3. ਲੋਕ ਸੰਪਰਕ ਅਧਿਕਾਰੀ, ਸਿੰਚਾਈ ਮੰਤਰੀ, ਪੰਜਾਬ, ਕਮਰਾ ਨੰ:11, ਪੰਜਵੀ ਮੰਜਿਲ ਸਿਵਲ ਸਕੱਤਰੇਤ, ਚੰਡੀਗੜ੍ਹ।
4. ਕਾਰਜਕਾਰੀ ਇੰਜੀਨੀਅਰ, ਭਾਖੜਾ ਮੇਨ ਲਾਈਨ ਮੰਡਲ, ਪਟਿਆਲਾ।
5. ਕਾਰਜਕਾਰੀ ਇੰਜੀਨੀਅਰ, ਦੇਵੀਗੜ੍ਹ ਮੰਡਲ, ਪਟਿਆਲਾ।
6. ਕਾਰਜਕਾਰੀ ਇੰਜੀਨੀਅਰ, ਸੰਗਰੂਰ ਮੰਡਲ ਆਈ.ਬੀ. ਸੰਗਰੂਰ।
7. ਕਾਰਜਕਾਰੀ ਇੰਜੀਨੀਅਰ, ਲਹਿਲ ਮੰਡਲ, ਆਈ.ਬੀ. ਪਟਿਆਲਾ।
8. ਕਾਰਜਕਾਰੀ ਇੰਜੀਨੀਅਰ, ਮਾਨਸਾ ਮੰਡਲ, ਆਈ.ਬੀ. ਜਵਾਹਰਕੇ।
9. ਕਾਰਜਕਾਰੀ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਮੁੱਖ ਦਫਤਰ, ਪੰਜਾਬ, ਚੰਡੀਗੜ੍ਹ।
10. ਕਾਰਜਕਾਰੀ ਇੰਜੀਨੀਅਰ, ਕੈਨਾਲ ਲਾਈਨਿੰਗ ਮੰਡਲ-1, ਪਟਿਆਲਾ।
11. ਡਿਪਟੀ ਕਮਿਸ਼ਨਰ, ਪਟਿਆਲਾ।
12. ਡਿਪਟੀ ਕਮਿਸ਼ਨਰ, ਸੰਗਰੂਰ।
13. ਡਿਪਟੀ ਕਮਿਸ਼ਨਰ, ਮਾਨਸਾ।
14. ਡਿਪਟੀ ਕਮਿਸ਼ਨਰ, ਫਤਿਹਗੜ੍ਹ ਸਾਹਿਬ।
15. ਡਿਪਟੀ ਕਮਿਸ਼ਨਰ, ਰੋਪੜ।
16. ਨਿਗਰਾਨ ਇੰਜੀਨੀਅਰ, ਲਾਈਨਿੰਗ ਹਲਕਾ, ਪਟਿਆਲਾ।
17. ਡਾਇਰੈਕਟਰ, ਐਕਸਟੈਂਸ਼ਨ ਐਜੂਕੇਸ਼ਨ, ਪੰਜਾਬ, ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।
18. ਇੰਚਾਰਜ ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਵੈਬ ਸਾਇਟ ਤੇ ਪਾਉਣ ਲਈ ਭੇਜਿਆ ਜਾਂਦਾ ਹੈ

ਸਹਿਪੱਤਰ/ਉਪਰੋਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਭਾਖੜਾ ਮੇਨ ਲਾਈਨ ਸਿਸਟਮ ਦੀਆਂ ਨਹਿਰਾਂ ਦਾ ਖ਼ਰੀਫ਼ ਸਮਾਂ ਮਿਤੀ 25-04-2016 ਤੋਂ ਮਿਤੀ 25-10-2016 ਤੱਕ ਦਾ ਵਾਰੀ ਬੰਦੀ ਪ੍ਰੋਗਰਾਮ।

| ਲੜੀ ਨੰ: | ਸਮਾਂ | | ਗਰੁੱਪ *ਏ* | ਗਰੁੱਪ *ਬੀ* |
|---|---|---|---|---|
| | ਤੋ | ਤੱਕ | | |
| 1 | 25/04/2016 | 02/05/2016 | 1 | 2 |
| 2 | 03/05/2016 | 10/05/2016 | 2 | 1 |
| 3 | 11/05/2016 | 18/05/2016 | 1 | 2 |
| 4 | 19/05/2016 | 26/05/2016 | 2 | 1 |
| 5 | 27/05/2016 | 03/06/2016 | 1 | 2 |
| 6 | 04/06/2016 | 11/06/2016 | 2 | 1 |
| 7 | 12/06/2016 | 19/06/2016 | 1 | 2 |
| 8 | 20/06/2016 | 27/06/2016 | 2 | 1 |
| 9 | 28/06/2016 | 05/07/2016 | 1 | 2 |
| 10 | 06/07/2016 | 13/07/2016 | 2 | 1 |
| 11 | 14/07/2016 | 21/07/2016 | 1 | 2 |
| 12 | 22/07/2016 | 29/07/2016 | 2 | 1 |
| 13 | 30/07/2016 | 06/08/2016 | 1 | 2 |
| 14 | 07/08/2016 | 14/08/2016 | 2 | 1 |
| 15 | 15/08/2016 | 22/08/2016 | 1 | 2 |
| 16 | 23/08/2016 | 30/08/2016 | 2 | 1 |
| 17 | 31/08/2016 | 07/09/2016 | 1 | 2 |
| 18 | 08/09/2016 | 15/09/2016 | 2 | 1 |
| 19 | 16/09/2016 | 23/09/2016 | 1 | 2 |
| 20 | 24/09/2016 | 01/10/2016 | 2 | 1 |
| 21 | 02/10/2016 | 09/10/2016 | 1 | 2 |
| 22 | 10/10/2016 | 17/10/2016 | 2 | 1 |
| 23 | 18/10/2016 | 25/10/2016 | 1 | 2 |

ਨੋਟ :- 1. ਉਪਰੋਕਤ ਪ੍ਰੋਗਰਾਮ ਬਿਨਾਂ ਕਿਸੇ ਨੋਟਿਸ ਦੇ ਬਦਲਿਆ ਜਾ ਸਕਦਾ ਹੈ।

2. ਪਹਿਲੀ ਤਰਜੀਹ ਦੀਆਂ ਨਹਿਰਾਂ 8 ਦਿਨਾਂ ਲਈ ਹਮੇਸ਼ਾ ਪੂਰੀ ਮੰਗ ਅਨੁਸਾਰ ਚਲਣਗੀਆਂ। ਦੂਜੀ ਤਰਜੀਹ ਵਾਲੀਆਂ ਨਹਿਰਾਂ ਹੈਡ ਆਫਿਸ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਚਲਵਾਈਆਂ ਜਾਣਗੀਆਂ।

| | |
|---|---|
| ਗਰੁੱਪ *ਏ* | ਸਿੱਧੀਆਂ ਨਿਕਲਦੀਆਂ ਨਹਿਰਾਂ |
| ਗਰੁੱਪ *ਬੀ* | ਘੱਗਰ ਲਿੰਕ ਅਤੇ ਪੀ.ਐਨਸੀ |

3. ਨਹਿਰਾਂ ਦੇ ਗਰੁੱਪਾਂ ਦਾ ਵੇਰਵਾ ਨਾਲ ਨੱਥੀ ਹੈ।

ਚਲਦਾ ਪੰਨਾ-4

| ਨ: | | (ਕਿਊਸਿਕ ਵਿੱਚ) |
|---|---|---|
| 1 | ਸਮਰਾਲਾ ਮੇਜਰ | 225 |
| 2 | ਗੋਬਿੰਦਗੜ੍ਹ | 84 |
| 3 | ਰਾਜਪੁਰਾ | 152 |
| 4 | 1-ਆਰ | 154 |
| 5 | 2-ਆਰ | 62 |
| 6 | 1-ਐਲ | 95 |
| 7 | 2-ਐਲ | 22 |
| 8 | 3-ਆਰ | 25 |
| 9 | ਚੋਅ ਬਰਾਂਚ | 105 |
| 10 | ਕਰਮਗੜ੍ਹ ਰਜਬਾਹਾ | 49 |
| 11 | 327-ਐਲ | 33 |
| 12 | 327-ਆਰ | 29 |
| 13 | 373-ਐਲ | 44 |
| 14 | 373-ਆਰ ਡਾਇਰੈਕਟ ਫਲੋ | 128 |
| 15 | ਅਕਾਸ਼ | 42 |
| 16 | ਕੌਲੀ | 24 |
| 17 | ਸਨੌਰ | 65 |
| 18 | ਅਰਨੋਲੀ | 176 |
| 19 | ਘੁੜਾਮ | 115 |
| 20 | ਅਮਲੋਹ | 27 |
| | ਕੁੱਲ ਜੋੜ | 1656 ਕਿਊਸਿਕ |

ਗਰੁੱਪ *ਬੀ*

| | | |
|---|---|---|
| 1 | ਘੱਗਰ ਲਿੰਕ | 1446 ਕਿਊਸਿਕ |
| 2 | ਪੀ.ਐਨ.ਸੀ. | 35 ਕਿਊਸਿਕ |
| | ਕੁੱਲ ਜੋੜ | 1481 ਕਿਊਸਿਕ |